ਵਰਲਡ ਪੰਜਾਬੀ ਟਾਈਮਜ਼
WORLD PUNJABI TIMES
A Punjabi News Protal & Epaper From Winnipeg, Canada
Visit us at : www.worldpunjabitimes.com
Mob: 7973333573, +1 (418) 887-0162

Epaper World Punjabi Times 05 ਅਗਸਤ 2025 ਦਿਨ ਮੰਗਲਵਾਰ ਈ-ਪੇਪਰ ਵਰਲਡ ਪੰਜਾਬੀ ਟਾਈਮਜ਼

## ਤਰਕਸ਼ੀਲ ਚੇਤਨਾ ਪਰਖ਼ ਪ੍ਰੀਖਿਆ ਸੰਬੰਧੀ ਸਮਾਗਮ ਵਿੱਚ ਸਿਲੇਬਸ ਪੁਸਤਕਾਂ ਵੰਡੀਆਂ

ਵਰਲਡ ਪੰਜਾਬੀ ਟਾਈਮਜ਼ ਮਾਸਟਰ ਪਰਮਵੇਦ




ਸੰਗਰੂਰ 5 ਅਗਸਤ : ਅੱਜ ਸਵਤੰਤਰਤਾ ਸੰਗਰਾਮੀ ਜੱਥੇਦਾਰ ਕਰਤਾਰ ਸਿੰਘ ਸੀਨੀਅਰ ਸੈਕੰਡਰੀ ਸਕੂਲ ਆਫ ਐਮੀਨੈਂਸ ਸੰਗਰੂਰ ਵਿਖੇ ਵਿਦਿਆਰਥੀਆਂ ਨੂੰ ਸੱਤਵੀਂ ਵਿਦਿਆਰਥੀ ਚੇਤਨਾ ਪਰਖ਼ ਪ੍ਰੀਖਿਆ ਦੀਆਂ ਸਿਲੇਬਸ ਪੁਸਤਕਾਂ ਵੰਡੀਆਂ ਗਈਆਂ, ਤਰਕਸ਼ੀਲ ਆਗੂ ਮਾਸਟਰ ਰਣਬੀਰ ਸਿੰਘ ਨੇ ਵਿਦਿਆਰਥੀਆਂ ਨੂੰ ਦੱਸਿਆ ਕਿ ਇਹ ਪ੍ਰੀਖਿਆ ਵਿਦਿਆਰਥੀਆਂ ਨੂੰ ਵਿਗਿਆਨਕ ਸੋਚ ਦੇ ਧਾਰਨੀ ਬਣਾਉਣ ਲਈ ਤੇ ਸਾਡੇ ਅਸਲ ਨਾਇਕਾਂ ਬਾਰੇ ਜਾਣਕਾਰੀ ਹਿੱਤ ਕਾਰਵਾਈ ਜਾਂਦੀ ਹੈ।ਇਹ ਵਿਦਿਆਰਥੀਆਂ ਨੂੰ ਖੋਜੀ ਬਿਰਤੀ ਦੇ ਨਾਲ ਨਾਲ ਨੈਤਿਕ ਕਦਰਾਂ ਕੀਮਤਾਂ ਦੇ ਧਾਰਨੀ ਬਣਾਉਣ ਲਈ ਬੜੀ ਸਹਾਈ ਹੈ, ਉਨ੍ਹਾਂ ਵੱਧ ਤੋਂ ਵੱਧ ਵਿਦਿਆਰਥੀਆਂ ਨੂੰ ਪ੍ਰੀਖਿਆ ਵਿੱਚ ਸ਼ਮੂਲੀਅਤ ਕਰਨ ਲਈ ਪ੍ਰੇਰਿਆ।ਇਸ ਚੇਤਨਾ ਪਰਖ ਪ੍ਰੀਖਿਆ ਤਿਆਰੀ ਸਮਾਗਮ ਵਿੱਚ ਡੀ.ਡੀ.ਓ. ਪ੍ਰਿੰਸੀਪਲ ਸ੍ਰੀ ਹਰਦੇਵ ਕੁਮਾਰ , ਸਕੂਲ ਇੰਚਾਰਜ ਸ.ਭੁਪਿੰਦਰ ਸਿੰਘ,ਸ਼੍ਰੀਮਤੀ ਅਨੀਤਾ ਬੱਤਰਾ ਸਾਇੰਸ ਮਿਸਟ੍ਰੈਸ, ਸਰਦਾਰ ਰਣਬੀਰ ਸਿੰਘ ਪੰਜਾਬੀ ਮਾਸਟਰ, ਸ਼੍ਰੀਮਤੀ ਨੇਹਾ ਐਸ ਐਸ ਮਿਸਟ੍ਰੈਸ,ਸ਼੍ਰੀਮਤੀ ਮੀਨਾਕਸ਼ੀ ਪੰਜਾਬੀ ਮਿਸਟ੍ਰੈਸ ਸ਼੍ਰੀਮਤੀ ਸੋਨੀਆ ਵੀਰ ਕੁਮਾਰ ਸਾਇੰਸ ਮਿਸਟ੍ਰੈਸ,ਸ਼੍ਰੀਮਤੀ ਮਨਪ੍ਰੀਤ ਕੌਰ ਮੈਥ ਮਿਸਟ੍ਰੈਸ,ਸ਼੍ਰੀਮਤੀ ਰੀਨਾ ਸਿੰਗਲਾ ਹਿੰਦੀ ਮਿਸਟ੍ਰੈਸ, ਸ਼੍ਰੀਮਤੀ ਨਸੀਬ ਕੌਰ ਅੰਗਰੇਜ਼ੀ ਮਿਸਟ੍ਰੈਸ,ਸ਼੍ਰੀਮਤੀ ਟੀਨੂ ਬਾਂਸਲ ਕੰਪਿਊਟਰ ਮਿਸਟ੍ਰੈਸ,ਸ਼੍ਰੀਮਤੀ ਨੀਲਮ ਅੰਗਰੇਜ਼ੀ ਮਿਸਟ੍ਰੈਸ,ਸ਼੍ਰੀਮਤੀ ਤਸਤਿੰਦਰ ਕੌਰ,ਡੀ.ਪੀ.ਈ. ਸ੍ਰੀਮਤੀ ਜਸਪ੍ਰੀਤ ਕੌਰ ਐੱਸ ਐੱਸ ਨੇ ਸ਼ਮੂਲੀਅਤ ਕੀਤੀ।

## ਸੇਵਾਮੁਕਤੀ ਮੌਕੇ ਸ਼ਿਵਚਰਨ ਦਾਸ ਦਾ ਹੋਇਆ ਵਿਸ਼ੇਸ਼

ਵਰਲਡ ਪੰਜਾਬੀ ਟਾਈਮਜ਼ ਟਿੰਕੂ ਕੁਮਾਰ



ਕੋਟਕਪੂਰਾ, 5 ਅਗਸਤ : ਸਥਾਨਕ ਮੁਕਤਸਰ ਰੋਡ ’ਤੇ ਮੁਹੱਲਾ ਸੁਰਗਾਪੁਰੀ ਵਿਖੇ ਸਥਿੱਤ ਪੀ.ਐਮ.ਸ਼੍ਰੀ ਸਰਕਾਰੀ ਹਾਈ ਸਕੂਲ ਵਿੱਚ ਐਸ.ਐਲ.ਏ. ਸ਼ਿਵਚਰਨ ਦਾਸ ਦੇ ਸੇਵਾਮੁਕਤ ਹੋਣ ’ਤੇ ਸਕੂਲ ਦੇ ਸਮੂਹ ਸਟਾਫ ਨੇ ਉਹਨਾਂ ਨੂੰ ਨਿੱਘੀ ਵਿਦਾਇਗੀ ਪਾਰਟੀ ਦਿੱਤੀ ਅਤੇ ਉਹਨਾਂ ਨੂੰ ਅਤੇ ਉਹਨਾਂ ਦੇ ਪਰਿਵਾਰਿਕ ਮੈਂਬਰਾਂ ਨੂੰ ਯਾਦਗਾਰੀ ਤੋਹਫੇ ਦੇ ਕੇ ਸਨਮਾਨਿਤ ਕੀਤਾ। ਇਸ ਮੌਕੇ ਉਹਨਾਂ ਦੇ ਧਰਮਪਤਨੀ ਅਤੇ ਹੋਰ ਪਰਿਵਾਰਿਕ ਮੈਂਬਰ ਹਾਜ਼ਰ ਸਨ। ਰਵਿੰਦਰ ਸਿੰਘ ਦੁਆਰਾ ਸਟੇਜ ਸਕੱਤਰ ਦੀ ਭੂਮਿਕਾ ਨਿਭਾਈ ਗਈ। ਪੰਜਾਬੀ ਮਾਸਟਰ ਸੁਰਿੰਦਰ ਪਾਲ ਸਿੰਘ ਨੇ ਉਹਨਾਂ ਨਾਲ ਆਪਣੇ ਬਿਤਾਏ ਪਲ ਅਤੇ ਤਜਰਬੇ ਸਾਂਝੇ ਕੀਤੇ। ਇਸ ਸਮੇਂ ਸਮੂਹ ਸਟਾਫ਼ ਮੈਂਬਰ ਹਾਜਰ ਸਨ। ਸਕੂਲ ਮੁਖੀ ਮਨੀਸ਼ ਛਾਬੜਾ ਵੱਲੋਂ ਵੀ ਉਹਨਾਂ ਨਾਲ ਬਿਤਾਏ ਪਲਾਂ ਨੂੰ ਯਾਦ ਕੀਤਾ ਗਿਆ ਅਤੇ ਉਹਨਾਂ ਨੂੰ ਆਉਣ ਵਾਲੀ ਜ਼ਿੰਦਗੀ ਲਈ

## ਰੁੱਖਾਂ ਦੀ ਮਹੱਤਤਾ ਸਬੰਧੀ ਸਮਾਗਮ ਕਰਵਾਇਆ

ਵਰਲਡ ਪੰਜਾਬੀ ਟਾਈਮਜ਼ ਗੁਰਪ੍ਰੀਤ ਚਹਿਲ




ਬਠਿੰਡਾ, 5 ਅਗਸਤ : ਸਥਾਨਕ ਕ੍ਰਿਸ਼ੀ ਵਿਗਿਆਨ ਕੇਂਦਰ ਵਿਖੇ ਰੁੱਖਾਂ ਦੀ ਮਹੱਤਤਾ ਤੇ ਵਾਤਾਵਰਣ ਦੀ ਸਥਿਰਤਾ ਸਬੰਧੀ ਸਮਾਗਮ ਕਰਵਾਇਆ ਗਿਆ। ਇਸ ਦੌਰਾਨ ਸਮਾਗਮ ਵਿੱਚ ਕੁੱਲ 35 ਕਿਸਾਨਾਂ ਨੇ ਹਿੱਸਾ ਲਿਆ। ਇਸ ਮੌਕੇ ਕੇ.ਵੀ.ਕੇ. ਕੈਂਪਸ ਤੋਂ ਇਲਾਵਾ ਆਲੇ-ਦੁਆਲੇ ਵੱਖ-ਵੱਖ ਤਰ੍ਹਾਂ ਦੇ ਫਲਦਾਰ ਅਤੇ ਛਾਂਦਾਰ ਰੁੱਖਾਂ ਦੀਆਂ ਕਿਸਮਾਂ ਦੇ ਬੂਟੇ ਲਗਾਏ ਗਏ ਅਤੇ ਵੰਡੇ ਵੀ ਗਏ।

ਇਸ ਮੌਕੇ ਡਿਪਟੀ ਡਾਇਰੈਕਟਰ (ਸਿਖਲਾਈ) ਡਾ. ਗੁਰਦੀਪ ਸਿੰਘ ਨੇ ਵਾਤਾਵਰਣ ਸੰਤੁਲਨ ਬਣਾਈ ਰੱਖਣ ਤੇ ਜੀਵਨ ਦੀ ਗੁਣਵੱਤਾ ਵਿੱਚ ਸੁਧਾਰ ਲਈ ਰੁੱਖਾਂ ਦੀ ਮਹੱਤਤਾ ’ਤੇ ਚਾਨਣਾ ਪਾਇਆ। ਉਨ੍ਹਾਂ ਨੇ ਰੁੱਖ ਲਗਾ ਕੇ ਵਾਤਾਵਰਣ ਸੰਭਾਲ ਵਿੱਚ ਕਿਸਾਨਾਂ ਦੀ ਭੂਮਿਕਾ ’ਤੇ ਜ਼ੋਰ ਦਿੱਤਾ।

ਇਸ ਦੌਰਾਨ ਡਾ. ਗੁਰਮੀਤ ਸਿੰਘ ਢਿੱਲੋਂ ਨੇ ਮੌਸਮੀ ਫਲਾਂ ਦੇ ਪੌਦਿਆਂ ਦੇ ਫਾਇਦਿਆਂ ਬਾਰੇ ਇੱਕ ਸਮਝਦਾਰ ਭਾਸ਼ਣ ਦਿੱਤਾ ਅਤੇ ਕਿਸਾਨਾਂ ਨੂੰ ਬਿਹਤਰ ਝਾੜ ਅਤੇ ਪੌਦਿਆਂ ਦੇ ਬਚਾਅ ਲਈ ਢੁਕਵੀਆਂ ਬਿਜਾਈ ਤਕਨੀਕਾਂ ਬਾਰੇ ਮਾਰਗਦਰਸ਼ਨ ਕੀਤਾ।

ਡਾ. ਤੇਜਬੀਰ ਸਿੰਘ ਬੁੱਟਰ ਨੇ ਕਿਸਾਨਾਂ ਨੂੰ ਪੌਦੇ ਲਗਾਉਣ ਤੋਂ ਪਹਿਲਾਂ ਮਿੱਟੀ ਦੀ ਤਿਆਰੀ ਬਾਰੇ ਜਾਗਰੂਕ ਕੀਤਾ ਅਤੇ ਸਿਹਤਮੰਦ ਪੌਦਿਆਂ ਦੇ ਵਿਕਾਸ ਲਈ ਜ਼ਰੂਰੀ ਪੌਸ਼ਟਿਕ ਤੱਤਾਂ ਦੀ ਜ਼ਰੂਰਤ ’ਤੇ ਜ਼ੋਰ ਦਿੱਤਾ।

ਡਾ. ਅਜੀਤਪਾਲ ਸਿੰਘ ਧਾਲੀਵਾਲ ਨੇ ਸਾਰੇ ਭਾਗੀਦਾਰਾਂ ਦਾ ਉਨ੍ਹਾਂ ਦੀ ਸਰਗਰਮ ਸ਼ਮੂਲੀਅਤ ਲਈ ਧੰਨਵਾਦ ਕੀਤਾ ਅਤੇ ਉਨ੍ਹਾਂ ਨੂੰ ਆਪਣੇ ਪਿੰਡਾਂ ਵਿੱਚ ਰੁੱਖ ਲਗਾਉਣ ਅਤੇ ਉਨ੍ਹਾਂ ਦੀ ਦੇਖ-ਭਾਲ ਕਰਨ ਲਈ ਉਤਸ਼ਾਹਿਤ ਕੀਤਾ।

## ਵਿਗਿਆਨਕ ਸੋਚ ਅਪਨਾਉਣ ਸਮੇਂ ਦੀ ਮੁੱਖ ਲੋੜ– ਤਰਕਸ਼ੀਲ

### ਸੱਤਵੀਂ ਵਿਦਿਆਰਥੀ ਚੇਤਨਾ ਪਰਖ਼ ਪ੍ਰੀਖਿਆ ਬਾਰੇ ਜਾਣਕਾਰੀ ਦਿੱਤੀ

ਵਰਲਡ ਪੰਜਾਬੀ ਟਾਈਮਜ਼ ਮਾਸਟਰ ਪਰਮਵੇਦ




ਸੰਗਰੂਰ 5 ਅਗਸਤ : ਲੋਕਾਂ ਦਾ ਸੋਚਣਢੰਗ ਵਿਗਿਆਨਕ ਬਣਾਉਣ ਲਈ ਯਤਨਸ਼ੀਲ ਤਰਕਸ਼ੀਲ ਸੁਸਾਇਟੀ ਪੰਜਾਬ ਇਕਾਈ ਸੰਗਰੂਰ ਦੇ ਆਗੂਆਂ ਸੁਰਿੰਦਰ ਸਿੰਘ ਉਪਲੀ,ਮਾਸਟਰ ਗੁਰਜੰਟ ਸਿੰਘ, ਗੁਰਦੀਪ ਸਿੰਘ ਲਹਿਰਾ, ਮਨਧੀਰ ਸਿੰਘ ਆਧਾਰਿਤ ਤਰਕਸ਼ੀਲ ਟੀਮ ਵੱਲੋਂ ਵਿਦਿਆਰਥੀਆਂ ਅੰਦਰ ਵਿਗਿਆਨਕ ਚੇਤਨਾ ਵਿਕਸਤ ਕਰਨ ਹਿੱਤ ਚਲਾਈ ਮੁਹਿੰਮ ਦੀ ਲੜੀ ਵਿੱਚ ਅਜ ਸਥਾਨਕ ਸਰਕਾਰੀ ਸੀਨੀਅਰ ਸੈਕੰਡਰੀ ਸਮਾਰਟ ਸਕੂਲ ਥਲੇਸ ਵਿਖੇ ਇਕ ਸਿਖਿਆਦਾਇਕ , ਭਾਵਪੂਰਤ ਤਰਕਸ਼ੀਲ ਪਰੋਗਰਾਮ ਦਿੱਤਾ । ਪ੍ਰਿੰਸੀਪਲ ਪ੍ਰਵੀਨ ਮਨਚੰਦਾ ਜੀ ਨੇ ਤਰਕਸ਼ੀਲ ਟੀਮ ਦਾ ਸਵਾਗਤ ਕਰਦਿਆਂ, ਤਰਕਸ਼ੀਲਤਾ ਬਾਰੇ ਜਾਣਕਾਰੀ ਦਿੱਤੀ।ਇਸ ਮੌਕੇ ਤਰਕਸ਼ੀਲ ਆਗੂਆਂ ਨੇ ਹਾਜ਼ਰੀਨ ਨੂੰ ਅੰਧਵਿਸ਼ਵਾਸ਼ਾਂ,ਵਹਿਮਾਂ ਭਰਮਾਂ, ਲਾਈਲਗਤਾ ਤੇ ਰੂੜੀਵਾਦੀ ਵਿਚਾਰਾਂ ਦੇ ਹਨੇਰੇ ਵਿਚੋਂ ਨਿਕਲ ਕੇ ਵਿਗਿਆਨਕ ਵਿਚਾਰਾਂ ਦੀ ਰੋਸ਼ਨੀ ਵਿੱਚ ਆਉਣ ਦਾ ਸੁਨੇਹਾ ਦਿੱਤਾ।ਉਨਾਂ ਕਿਹਾ ਕਿ ਵਿਗਿਆਨਕ ਚੇਤਨਾ ਤੇ ਨੈਤਿਕ ਕਦਰਾਂ ਕੀਮਤਾਂ ਅਪਣਾ ਕੇ ਆਪਣੀ ਸ਼ਖਸ਼ੀਅਤ ਨੂੰ ਵਿਕਸਤ ਕਰਨਾ ਚਾਹੀਦਾ ਹੈ।ਉਨ੍ਹਾਂ ਵਿਦਿਆਰਥੀਆਂ ਨੂੰ ਹਿੰਮਤ, ਲਗਨ ਤੇ ਲਗਾਤਾਰਤਾ ਦੇ ਨਾਲ ਕੀ,ਕਿਉਂ ਕਿਵੇਂ ਆਦਿ ਗੁਣ ਜਿਹੜੇ ਹਰ ਵਰਤਾਰੇ ਦੀ ਸਚਾਈ ਦੀ ਤਹਿ ਤੱਕ ਜਾਣ ਲਈ ਜਰੂਰੀ ਹੁੰਦੇ ਹਨ, ਅਪਨਾਉਣ ਦਾ ਸੱਦਾ ਦਿੱਤਾ। ਉਨ੍ਹਾਂ ਕਿਹਾ ਕਿ ਅਧਿਆਪਕ ਦਾ ਸਮਾਜ ਵਿੱਚ ਅਹਿਮ ਸਥਾਨ ਹੈ। ਉਸ ਨੂੰ ਵਿਗਿਆਨਕ ਵਿਚਾਰਾਂ ਦੇ ਨਾਲ ਨਾਲ ਧਰਮ,ਜਾਤ ,ਫਿਰਕੇ ਤੋਂ ਨਿਰਲੇਪ ਹੋ ਕੇ ਮਨੁੱਖੀ ਗੁਣਾਂ ਦਾ ਧਾਰਨੀ ਹੋ ਕੇ ਸਮਾਜ ਦੀ ਖੁਸ਼ੀ ਤੇ ਖੁਸ਼ਹਾਲੀ ਲਈ ਯਤਨਸ਼ੀਲ ਹੋਣਾ ਚਾਹੀਦਾ ਹੈ ।ਇਸ ਮੌਕੇ ਤਰਕਸ਼ੀਲ ਆਗੂਆਂ ਨੇ ਸੱਤਵੀਂ ਵਿਦਿਆਰਥੀ ਚੇਤਨਾ ਪਰਖ਼ ਪ੍ਰੀਖਿਆ ਬਾਰੇ ਜਾਣਕਾਰੀ ਦਿੰਦਿਆਂ , ਅਧਿਆਪਕਾਂ ਨੂੰ ਵਿਦਿਆਰਥੀਆਂ ਦੀ ਵੱਧ ਤੋਂ ਵੱਧ ਰਜਿਸਟ੍ਰੇਸ਼ਨ ਕਰਵਾਉਣ ਦੀ ਅਪੀਲ ਕੀਤੀ। ਆਗੂਆਂ ਵਿਦਿਆਰਥੀਆਂ ਨੂੰ ਆਪਣੇ ਸੰਬੋਧਨ ਵਿੱਚ ਅੰਧਵਿਸ਼ਵਾਸ ਤਿਆਗਣ , ਵਿਗਿਆਨਕ ਸੋਚ ਅਪਨਾਉਣ ਦਾ ਸੱਦਾ ਦਿੱਤਾ ਸਕੂਲ ਪ੍ਰਿੰਸੀਪਲ ਨੇ ਤਰਕਸ਼ੀਲ ਸੁਸਾਇਟੀ ਦੇ ਆਗੂਆਂ ਦਾ ਵਿਗਿਆਨਕ ਵਿਚਾਰਾਂ ਦਾ ਭਾਵਪੂਰਤ ਸੱਦਾ ਲੈ ਕੇ ਵਿਦਿਆਰਥੀਆਂ ਦੇ ਰੂ ਬ ਰੂ ਹੋਣ ਲਈ ਧੰਨਵਾਦ ਕਰਦਿਆਂ ,ਵਿਦਿਆਰਥੀਆਂ ਨੂੰ ਵਿਗਿਆਨਕ ਦ੍ਰਿਸ਼ਟੀਕੋਣ ਅਪਨਾਉਣ,ਮਿਹਨਤ ਕਰਨ , ਇਮਾਨਦਾਰ ਬਣਨ ਆਦਿ ਕੀਮਤੀ ਵਿਚਾਰ ਅਪਨਾਉਣ ਦਾ ਸੁਨੇਹਾ ਦਿੰਦਿਆਂ, ਚੇਤਨਾ ਪਰਖ਼ ਪ੍ਰੀਖਿਆ ਵਿੱਚ ਭਰਪੂਰ ਸ਼ਮੂਲੀਅਤ ਕਰਨ ਲਈ ਪ੍ਰੇਰਿਆ। ਤਰਕਸ਼ੀਲ ਆਗੂਆਂ ਨੂੰ ਵਿਸ਼ਵਾਸ ਦਵਾਇਆ ਕਿ ਵੱਧ ਤੋਂ ਵੱਧ ਵਿਦਿਆਰਥੀਆਂ ਨੂੰ ਪ੍ਰੀਖਿਆ ਲਈ ਤਿਆਰ ਕੀਤਾ ਜਾਵੇਗਾ।ਇਸ ਪ੍ਰੋਗਰਾਮ ਵਿੱਚ ਹੋਰਨਾਂ ਤੋ ਇਲਾਵਾ ਰਵਿੰਦਰ ਕੌਰ, ਹਤੇਸ਼ ਕੁਮਾਰ ,ਅਨੁਰਾਧਾ, ਹਰਵਿੰਦਰ ਸਿੰਘ ,ਰਣਜੀਤ ਕੌਰ, ਅਲਕਾ ਰਾਣੀ, ਗੁਰਪ੍ਰੀਤ ਕੌਰ, ਸਵੀਤਾ ਰਾਣੀ, ਰੇਸ਼ਮੀ ਚਾਵਲਾ , ਸ਼ੋਭਾ ਕਾਂਸਲ,ਬੰਧਨਾ ਰਾਣੀ,ਰੀਮਾ ਗੋਇਲ ,ਆਰਤੀ ਕਾਲੜਾ, ਹਰਮਿੰਦਰ ਸਿੰਘ, ਪ੍ਰਭਜੋਤ ਕੌਰ,ਸਤੂਤੀ ਸਿੰਗਲਾ,ਗੁਰਮੀਤ ਕੌਰ, ਨਛੱਤਰ ਸਿੰਘ,ਜਸਵੀਰ ਸਿੰਘ ਅਧਿਆਪਕਾਂ ਨੇ ਸ਼ਮੂਲੀਅਤ ਕੀਤੀ

## ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਉਪਲੀ ਚੱਠਾ ਵਿਖੇ ਤਰਕਸ਼ੀਲ ਪ੍ਰੋਗਰਾਮ ਹੋਇਆ

### ਇਕਾਈ ਮੁਖੀ ਸੁਰਿੰਦਰ ਪਾਲ ਉਪਲੀ ਨੇ ਸਮੂਹ ਸਟਾਫ ਤੇ ਵਿਦਿਆਰਥੀਆਂ ਨੂੰ ਰਿਫਰੈਸ਼ਮੈਂਟ ਪਾਰਟੀ ਦਿੱਤੀ

ਵਰਲਡ ਪੰਜਾਬੀ ਟਾਈਮਜ਼ ਮਾਸਟਰ ਪਰਮਵੇਦ




ਸੰਗਰੂਰ 5 ਅਗਸਤ : ਤਰਕਸ਼ੀਲ ਸੁਸਾਇਟੀ ਪੰਜਾਬ ਇਕਾਈ ਸੰਗਰੂਰ ਦੇ ਆਗੂਆਂ ਐਸ ਡੀ ਓ ਸੁਰਿੰਦਰ ਪਾਲ ਉਪਲੀ, ਗੁਰਦੀਪ ਸਿੰਘ ਲਹਿਰਾ, ਮਾਸਟਰ ਗੁਰਜੰਟ ਸਿੰਘ ਤੇ ਮਨਧੀਰ ਸਿੰਘ ਆਧਾਰਿਤ ਤਰਕਸ਼ੀਲ ਟੀਮ ਵੱਲੋਂ ਵਿਦਿਆਰਥੀਆਂ ਅੰਦਰ ਵਿਗਿਆਨਕ ਚੇਤਨਾ ਵਿਕਸਤ ਕਰਨ ਹਿੱਤ ਚਲਾਈ ਮੁਹਿੰਮ ਦੀ ਲੜੀ ਵਿੱਚ ਅਜ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਉਪਲੀ -ਚੱਠਾ ਵਿਖੇ ਇੱਕ ਸਿਖਿਆਦਾਇਕ , ਭਾਵਪੂਰਤ ਤਰਕਸ਼ੀਲ ਪਰੋਗਰਾਮ ਦਿੱਤਾ।ਪੰਜਾਬੀ ਅਧਿਆਪਿਕਾ ਪਰਮਜੀਤ ਕੌਰ ਨੇ ਤਰਕਸ਼ੀਲ ਟੀਮ ਦਾ ਸਵਾਗਤ ਕਰਦਿਆਂ, ਤਰਕਸ਼ੀਲਤਾ ਬਾਰੇ ਜਾਣਕਾਰੀ ਦਿੱਤੀ।ਇਸ ਮੌਕੇ ਤਰਕਸ਼ੀਲ ਆਗੂਆਂ ਨੇ ਹਾਜ਼ਰੀਨ ਨੂੰ ਅੰਧਵਿਸ਼ਵਾਸ਼ਾਂ,ਵਹਿਮਾਂ ਭਰਮਾਂ, ਲਾਈਲੱਗਤਾ ਤੇ ਰੂੜ੍ਹੀਵਾਦੀ ਵਿਚਾਰਾਂ ਦੇ ਹਨੇਰੇ ਵਿਚੋਂ ਨਿਕਲ ਕੇ ਵਿਗਿਆਨਕ ਵਿਚਾਰਾਂ ਦੀ ਰੋਸ਼ਨੀ ਵਿੱਚ ਆਉਣ ਦਾ ਸੁਨੇਹਾ ਦਿੱਤਾ।ਉਨ੍ਹਾਂ ਵਿਦਿਆਰਥੀਆਂ ਨੂੰ ਹਿੰਮਤ ,ਲਗਨ ਲਗਾਤਾਰਤਾ ਦੇ ਨਾਲ ਕੀ,ਕਿਉਂ ਕਿਵੇਂ ਆਦਿ ਗੁਣ ਜਿਹੜੇ ਹਰ ਵਰਤਾਰੇ ਦੀ ਸਚਾਈ ਦੀ ਤਹਿ ਤੱਕ ਜਾਣ ਲਈ ਜਰੂਰੀ ਹੁੰਦੇ ਹਨ, ਅਪਨਾਉਣ ਦਾ ਸੱਦਾ ਦਿੱਤਾ। ਉਨ੍ਹਾਂ ਕਿਹਾ ਕਿ ਸਾਡੇ ਸਾਰਿਆਂ ਲਈ ਜ਼ਿੰਦਗੀ ਜਿਊਣ ਦਾ ਆਦਰਸ਼ ਹੋਣਾ ਚਾਹੀਦਾ ਹੈ , ਸੁਪਨੇ ਲੈ ਕੇ ਉਨ੍ਹਾਂ ਨੂੰ ਪੂਰੀ ਕਰਨ ਦੀ ਤਾਂਘ ਹੋਣੀ ਚਾਹੀਦੀ ਹੈ।

ਇਸ ਮੌਕੇ ਉਨ੍ਹਾਂ ਸੱਤਵੀਂ ਵਿਦਿਆਰਥੀ ਚੇਤਨਾ ਪਰਖ਼ ਪ੍ਰੀਖਿਆ ਬਾਰੇ ਵਿਸਥਾਰਪੂਰਵਕ ਜਾਣਕਾਰੀ ਦਿੰਦਿਆਂ ਕਿਹਾ ਕਿ ਇਹ ਪ੍ਰੀਖਿਆ 29 ਤੇ 31ਅਗਸਤ ਨੂੰ ਸੰਗਰੂਰ ਸਮੇਤ ਸਮੁੱਚੇ ਸੂਬੇ ਵਿੱਚ ਕਰਵਾਈ ਜਾ ਰਹੀ। ਇਕਾਈ ਵੱਲੋਂ ਐਂਟਰੀ ਫ਼ਾਰਮ ਹੁਣ 7 ਅਗਸਤ ਤਕ ਲਏ ਜਾਣਗੇ। 60 ਪ੍ਰਸ਼ਨਾਂ ਦੇ 40 ਮਿੰਟ ਵਿੱਚ ਓ ਐਮ ਆਰ ਤੇ ਉੱਤਰ ਦੇਣੇ ਹਨ। ਇਸ ਪ੍ਰੀਖਿਆ ਵਿੱਚ ਛੇਵੀਂ ਤੋਂ ਬਾਰ੍ਹਵੀਂ ਤਕ ਦੇ ਵਿਦਿਆਰਥੀ ਸ਼ਾਮਿਲ ਹੋਣਗੇ। ਮੁਲੰਕਣ ਕੰਮਪਿਊਟਰ ਰਾਹੀਂ ਹੋਵੇਗਾ।ਸੂਬਾ,ਜੋਨ ਤੇ ਇਕਾਈ ਪੱਧਰੀ ਕਲਾਸ ਵਾਇਜ਼ ਮੈਰਿਟ ਬਣੇਗੀ। ਹਰ ਕਲਾਸ ਵਿੱਚ ਪਹਿਲੇ ਤਿੰਨ ਸਥਾਨਾਂ ਤੇ ਆਉਣ ਵਾਲੇ ਵਿਦਿਆਰਥੀ ਸੂਬਾ ਪੱਧਰੀ ਮੈਰਿਟ ਵਿੱਚ ਹੋਣਗੇ, ਤੇ ਉਨ੍ਹਾਂ ਨੂੰ 1500/- ਰੁਪਏ ਨਕਦ ਇਨਾਮ,ਪੜ੍ਹਨ ਸਮੱਗਰੀ ਤੇ ਮੈਰਿਟ ਸਰਟੀਫਿਕੇਟ ਨਾਲ ਪ੍ਰਭਾਵਸ਼ਾਲੀ ਸਨਮਾਨ ਸਮਾਰੋਹ ਕਰਕੇ ਸਨਮਾਨਿਤ ਕੀਤਾ ਜਾਵੇਗਾ। ਇਸੇ ਤਰ੍ਹਾਂ ਜੋਨ ਤੇ ਇਕਾਈ ਪੱਧਰੀ ਮੈਰਿਟ ਵਿੱਚ ਆਉਣ ਵਾਲੇ ਵਿਦਿਆਰਥੀਆਂ ਨੂੰ ਮੁੱਲਵਾਨ ਪੜ੍ਹਨ ਸਮੱਗਰੀ ਤੇ ਮੈਰਿਟ ਸਰਟੀਫਿਕੇਟ ਦੇ ਕੇ ਸਨਮਾਨਿਤ ਕੀਤਾ ਜਾਵੇਗਾ। ਇਸ ਮੌਕੇ ਇਕਾਈ ਸੰਗਰੂਰ ਦੇ ਜਥੇਬੰਦਕ ਮੁਖੀ ਸੁਰਿੰਦਰ ਪਾਲ ਉਪਲੀ ਨੇ ਆਪਣੇ ਪਿੰਡ ਉਪਲੀ -ਚੱਠਾ ਦੇ ਸਕੂਲ ਦੇ ਸਮੁੱਚੇ 350 ਵਿਦਿਆਰਥੀਆਂ ਤੇ ਸਮੂਹ ਸਟਾਫ ਨੂੰ ਮਿੱਠੀ ਤੇ ਨਮਕੀਣ ਰਿਫਰੈਸ਼ਮੈਂਟ ਦਿੰਦਿਆਂ ਕਿਹਾ ਕਿ ਅੱਜ ਮੈਂ ਆਪਣੀ ਸੇਵਾ ਮੁਕਤੀ ਵੇਲੇ ਦੀ ਸੋਚੀ ਇੱਛਾ ਪੂਰੀ ਕਰਕੇ ਬੇਹੱਦ ਖੁਸ਼ੀ ਮਹਿਸੂਸ ਕਰ ਰਿਹਾ ਹਾਂ।

ਸਕੂਲ ਪ੍ਰਿੰਸੀਪਲ ਬਿੰਦੂ ਚੁੱਘ ਨੇ ਸੁਰਿੰਦਰ ਪਾਲ ਉਪਲੀ ਦਾ ਸਮੂਹ ਸਟਾਫ਼ ਤੇ ਵਿਦਿਆਰਥੀਆਂ ਨੂੰ ਰਿਫਰੈਸ਼ਮੈਂਟ ਪਾਰਟੀ ਦੇਣ ਲਈ ਧੰਨਵਾਦ ਕਰਦਿਆਂ ਵਿਦਿਆਰਥੀਆਂ ਨੂੰ ਆਪਣੀ ਸੋਚ ਵਿਗਿਆਨਕ ਬਣਾਉਣ ਦਾ ਸੁਨੇਹਾ ਦਿੱਤਾ । ਤਰਕਸ਼ੀਲ ਸੁਸਾਇਟੀ ਦੇ ਆਗੂਆਂ ਦਾ ਧੰਨਵਾਦ ਕਰਦਿਆਂ ਵੱਧ ਤੋਂ ਵੱਧ ਵਿਦਿਆਰਥੀਆਂ ਨੂੰ ਚੇਤਨਾ ਪਰਖ਼ ਪ੍ਰੀਖਿਆ ਵਿੱਚ ਸ਼ਮੂਲੀਅਤ ਕਰਵਾਉਣ ਦਾ ਵਿਸ਼ਵਾਸ ਦਵਾਇਆ। ਉਨ੍ਹਾਂ ਕਿਹਾ ਕਿ ਵਹਿਮ ਭਰਮ, ਅੰਧਵਿਸ਼ਵਾਸ ਕਮਜ਼ੋਰ ਤੇ ਡਰੀ ਮਾਨਸਿਕਤਾ ਦੀ ਦੇਣ ਹਨ। ਇਨ੍ਹਾਂ ਦੇ ਛੁਟਕਾਰੇ ਲਈ ਵਿਗਿਆਨਕ ਸੋਚ ਅਪਨਾਉਣੀ ਪਵੇਗੀ।ਸਟੇਜ ਸੰਚਾਲਨ ਮਾਸਟਰ ਚਰਨ ਕਮਲ ਸਿੰਘ ਨੇ ਬਾਖੂਬੀ ਕੀਤਾ।ਪ੍ਰੋਗਰਾਮ ਵਿੱਚ ਸਮੂਚੇ ਸਟਾਫ਼ ਨੇ ਸ਼ਮੂਲੀਅਤ ਕੀਤੀ।

## ਤੀਆਂ ਦਾ ਤਿਉਹਾਰ ਧੂਮ-ਧਾਮ ਨਾਲ ਮਨਾਇਆ ਗਿਆ

### ਮੁੱਖ ਮੰਤਰੀ ਦੀ ਧਰਮਪਤਨੀ ਡਾ. ਗੁਰਪ੍ਰੀਤ ਕੌਰ ਵੱਲੋਂ ਵਿਸ਼ੇਸ਼ ਸ਼ਮੂਲੀਅਤ

ਵਰਲਡ ਪੰਜਾਬੀ ਟਾਈਮਜ਼ ਟਿੰਕੂ ਕੁਮਾਰ



ਕੋਟਕਪੂਰਾ/ਜੈਤੋ, 5 ਅਗਸਤ : ਪੰਜਾਬੀ ਰਵਾਇਤਾਂ ਅਤੇ ਸੱਭਿਆਚਾਰ ਨੂੰ ਜ਼ਿੰਦਾ ਰੱਖਦਿਆਂ, ਤੀਆਂ ਦਾ ਤਿਉਹਾਰ ਜੈਤੋ ਦੇ ਡਰੀਮ ਕ੍ਰਿਸਟਲ ਪੈਲੇਸ ਵਿਖੇ ਵੱਡੀ ਧੂਮ-ਧਾਮ ਅਤੇ ਉਤਸ਼ਾਹ ਨਾਲ ਮਨਾਇਆ ਗਿਆ। ਸਮਾਗਮ ਦੀ ਅਗਵਾਈ ਜੈਤੋ ਤੋਂ ਵਿਧਾਇਕ ਅਮੋਲਕ ਸਿੰਘ ਅਤੇ ਉਨ੍ਹਾਂ ਦੀ ਧਰਮਪਤਨੀ ਮਨਪ੍ਰੀਤ ਕੌਰ ਵੱਲੋਂ ਕੀਤੀ ਗਈ। ਤੀਆਂ ਮੇਲੇ ਵਿੱਚ ਮੁੱਖ ਮਹਿਮਾਨ ਵਜੋਂ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਪਤਨੀ ਡਾ. ਗੁਰਪ੍ਰੀਤ ਕੌਰ ਅਤੇ ਡਿਪਟੀ ਕਮਿਸ਼ਨਰ ਫਰੀਦਕੋਟ ਮੈਡਮ ਪੂਨਮਦੀਪ ਕੌਰ ਨੇ ਵਿਸ਼ੇਸ਼ ਤੌਰ ’ਤੇ ਸ਼ਿਰਕਤ ਕੀਤੀ। ਉਨ੍ਹਾਂ ਨੇ ਰਿਬਨ ਕੱਟ ਕੇ ਸਮਾਗਮ ਦੀ ਸ਼ੁਰੂਆਤ ਕੀਤੀ ਅਤੇ ਸੱਭਿਆਚਾਰਕ ਮੇਲੇ ਦਾ ਪੂਰਾ ਆਨੰਦ ਮਾਣਿਆ।



ਸਮਾਗਮ ਦੌਰਾਨ ਵੱਖ-ਵੱਖ ਸਕੂਲਾਂ ਦੇ ਵਿਦਿਆਰਥੀਆਂ ਵੱਲੋਂ ਰੰਗਾਰੰਗ ਪ੍ਰੋਗਰਾਮ ਪੇਸ਼ ਕੀਤੇ ਗਏ। ਇਸ ਦੇ ਨਾਲ ਹੀ ਡਾ. ਗੁਰਪ੍ਰੀਤ ਕੌਰ ਅਤੇ ਬੀਬਾ ਮਨਪ੍ਰੀਤ ਕੌਰ ਨੇ ਇਕੱਠੀਆਂ ਔਰਤਾਂ ਨਾਲ ਗਿੱਧਾ ਪਾ ਕੇ ਤੀਆਂ ਦੀ ਰੌਣਕ ਵਿੱਚ ਚਾਰ ਚੰਨ ਲਾਏ। ਇਸ ਮੌਕੇ ਡਾ. ਗੁਰਪ੍ਰੀਤ ਕੌਰ ਨੇ ਕਿਹਾ ਕਿ ਤੀਆਂ ਪੰਜਾਬੀ ਸੱਭਿਆਚਾਰ ਦਾ ਅਟੁੱਟ ਹਿੱਸਾ ਹਨ, ਜਿਨ੍ਹਾਂ ਰਾਹੀਂ ਔਰਤਾਂ ਆਪਣੀ ਖੁਸ਼ੀ ਅਤੇ ਭਾਵਨਾਵਾਂ ਦੀ ਪ੍ਰਗਟਾਵਾ ਕਰਦੀਆਂ ਹਨ। ਉਨ੍ਹਾਂ ਮਨਪ੍ਰੀਤ ਕੌਰ ਦੇ ਇਸ



ਉਪਰਾਲੇ ਦੀ ਸ਼ਲਾਘਾ ਕਰਦਿਆਂ ਕਿਹਾ ਕਿ ਅਜਿਹਾ ਸਮਾਗਮ ਔਰਤਾਂ ਨੂੰ ਇੱਕ ਮੰਚ ਉਪਲਬਧ ਕਰਾਉਂਦੇ ਹਨ ਜਿਥੇ ਉਹ ਆਪਣੀ ਸੱਭਿਆਚਾਰਕ ਰਚਨਾਤਮਕਤਾ ਨੂੰ ਪ੍ਰਗਟ ਕਰ ਸਕਦੀਆਂ ਹਨ। ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਹੇਠ ਸੂਬੇ ਨੂੰ ਮੁੜ ਤੋਂ ਰੰਗਲਾ ਪੰਜਾਬ ਬਣਾਉਣ ਲਈ ਪੂਰੀ ਸ਼ਿੱਦਤ ਨਾਲ ਕੰਮ ਕਰ ਰਹੀ ਹੈ। ਇਸ ਮੌਕੇ ਮਨਪ੍ਰੀਤ ਕੌਰ ਵੱਲੋਂ ਡਾ. ਗੁਰਪ੍ਰੀਤ ਕੌਰ ਦਾ ਵਿਸ਼ੇਸ਼ ਸਨਮਾਨ ਕੀਤਾ ਗਿਆ ਤੇ ਉਨ੍ਹਾਂ ਦੀ ਹਾਜ਼ਰੀ ਲਈ ਧੰਨਵਾਦ ਪ੍ਰਗਟਾਇਆ ਗਿਆ ਕਿ ਉਨ੍ਹਾਂ ਆਪਣੀ ਮੌਜੂਦਗੀ ਨਾਲ ਸਮਾਗਮ ਦੀ ਸ਼ੋਭਾ ਵਧਾਈ। ਸਮਾਗਮ ਵਿੱਚ ਵੱਖ-ਵੱਖ ਪਿੰਡਾਂ ਤੋਂ ਆਏ ਹੋਏ ਸਰਪੰਚਾਂ, ਪੰਚਾਂ ਅਤੇ ਵੱਡੀ ਗਿਣਤੀ ਵਿੱਚ ਔਰਤਾਂ ਨੇ ਭਰਚੜ੍ਹ ਕੇ ਹਿੱਸਾ ਲੈ ਕੇ ਤੀਆਂ ਦੀ ਰਵਾਇਤੀ ਰੌਣਕ ਨੂੰ ਹੋਰ ਵੀ ਵਧਾਇਆ।

## ਔਰਤਾਂ ਲਈ ਕੰਮ ਅਤੇ ਨਿੱਜੀ ਜੀਵਨ ਵਿੱਚ ਤਾਲਮੇਲ ਬਹੁਤ ਜ਼ਰੂਰੀ ।

ਵਰਲਡ ਪੰਜਾਬੀ ਟਾਈਮਜ਼
ਪਰਮਿੰਦਰ ਕੌਰ



ਅੱਜ ਦੇ ਸਮੇਂ ਵਿੱਚ ਜੇਕਰ ਦੇਖੀਏ ਤਾਂ ਜ਼ਿਆਦਾਤਰ ਔਰਤਾਂ ਨੌਕਰੀਪੇਸ਼ਾ ਹਨ। ਹੁਣ ਉਹ ਪਹਿਲਾਂ ਵਾਲਾ ਸਮਾਂ ਨਹੀਂ ਕਿ ਔਰਤਾਂ ਕੰਮਕਾਜੀ ਨਹੀਂ ਹੋ ਸਕਦੀਆਂ ਭਾਵ ਕਿ ਨੌਕਰੀ ਜਾਂ ਹੋਰ ਕੰਮ ਨਹੀਂ ਕਰ ਸਕਦੀਆਂ, ਹੁਣ ਲਗਭਗ ਹਰ ਔਰਤ ਘਰੇਲੂ ਕੰਮ-ਕਾਜ ਤੋਂ ਇਲਾਵਾ ਹੋਰ ਕਾਰੋਬਾਰ, ਜਿਵੇਂ ਕਿ ਸਿਲਾਈ- ਕਢਾਈ, ਕੁਕਿੰਗ, ਬਿਊਟੀ ਪਾਰਲਰ, ਕੋਚਿੰਗ ਦੇਣਾ ਵਗੈਰਾ- 2 ਕਰ ਰਹੀਆਂ ਹਨ ਜਿਸ ਨਾਲ ਕਿ ਪਰਿਵਾਰ ਨੂੰ ਆਰਥਿਕ ਮਦਦ ਮਿਲਦੀ ਹੈ ਤੇ ਔਰਤਾਂ ਵਿੱਚ ਵੀ ਆਤਮ ਵਿਸ਼ਵਾਸ ਵੱਧਦਾ ਹੈ । ਹੁਣ ਗੱਲ ਆਉਂਦੀ ਹੈ, ਕੰਮ ਅਤੇ ਨਿੱਜੀ ਜੀਵਨ ਵਿੱਚ ਤਾਲਮੇਲ ਬਣਾਈ ਰੱਖਣ ਦੀ | ਅੱਜ ਦੇ ਇਸ ਤੇਜ਼ ਰਫ਼ਤਾਰ ਯੁੱਗ ਵਿੱਚ ਜੇਕਰ ਕੰਮਕਾਜੀ ਔਰਤ ਘਰ ਅਤੇ ਨੌਕਰੀ ਦੋਵਾਂ ਵਿੱਚ ਤਾਲਮੇਲ ਬਣਾ ਕੇ ਨਹੀਂ ਚੱਲੇਗੀ ਤਾਂ ਫਿਰ ਉਸਨੂੰ ਬਹੁਤ ਮੁਸ਼ਕਿਲ ਦਾ ਸਾਹਮਣਾ ਕਰਨਾ ਪੈਂਦਾ ਹੈ । ਸਿਰਫ਼ ਕੁਝ ਕੁ ਗੱਲਾਂ ਦਾ ਧਿਆਨ ਦੇ ਕੇ ਅਸੀਂ ਦੋਵਾਂ ਪਾਸੇ ਸਹੀ ਸੰਤੁਲਨ ਬਣਾ ਸਕਦੇ ਹਾਂ।ਜਦੋਂ ਤੁਸੀਂ ਕੰਮ ਤੇ ਹੁੰਦੇ ਹੋ ਤਾਂ ਆਪਣਾ ਪੂਰਾ ਧਿਆਨ ਕੰਮ ਤੇ ਕੇਂਦਰਤ ਕਰੋ ਤੇ ਜੇਕਰ ਪਰਿਵਾਰ ਨਾਲ ਹੋ ਤਾਂ ਆਪਣੇ ਪਰਿਵਾਰ ਨੂੰ ਪੂਰਾ ਸਮਾਂ ਦਿਓ। ਮਾਨਸਿਕ ਤਣਾਅ ਅਤੇ ਥਕਾਵਟ ਤੋਂ ਬਚਣ ਲਈ ਸਮੇਂ ਦੀ ਸਹੀ ਵੰਡ ਕਰੋ ਤੇ ਉਸ ਅਨੁਸਾਰ ਆਪਣੀ ਊਰਜਾ ਖ਼ਰਚ ਕਰੋ । ਜਿਆਦਾ ਕੰਮ ਦੇ ਬੋਝ ਥੱਲੇ ਆਪਣੇ -ਆਪ ਨੂੰ ਨਾ ਦਬਾਓ, ਨਾਂਹ ਕਹਿਣਾ ਸਿੱਖੋ । ਕੰਮ ਦੇ ਸਮੇਂ ਦੌਰਾਨ ਫਾਲਤੂ ਦੀਆਂ ਫੋਨਕਾਲਾਂ ਤੇ ਸਮਾਂ ਗਵਾਉਣ ਦੀ ਬਜਾਇ ਆਪਣੇ ਕੰਮ ਨੂੰ ਸਹੀ ਢੰਗ ਨਾਲ ਕਰੋ ਤੇ ਫਿਰ ਖਾਲੀ ਸਮੇਂ ਵਿੱਚ ਆਪਣੇ ਸ਼ੌਕ ਪੂਰੇ ਕਰੋ। ਸ਼ੌਕ ਕੋਈ ਵੀ ਹੋ ਸਕਦਾ ਹੈ, ਕਈਆਂ ਨੂੰ ਖਾਣਾ ਪਕਾਉਣ ,ਘਰ ਦਾ ਕੰਮ ਕਰਨ ਜਾਂ ਪਰਿਵਾਰ ਅਤੇ ਬੱਚਿਆਂ ਨਾਲ ਸਮਾਂ ਬਿਤਾਉਣ ਵਿੱਚ ਹੀ ਅਨੰਦ ਮਿਲਦਾ ਹੈ। ਛੁੱਟੀ ਵਾਲੇ ਦਿਨ ਕਿਸੇ ਮਨਪਸੰਦ ਜਗ੍ਹਾਂ ਤੇ ਘੁੰਮਣ ਵੀ ਜਾਇਆ ਜਾ ਸਕਦਾ ਹੈ।ਘਰੇਲੂ ਕੰਮ-ਕਾਜ ਕਰਦੇ ਹੋਏ ਜੇਕਰ ਅਸੀਂ ਛੋਟੇ-ਮੋਟੇ ਕੰਮਾਂ ਕਾਰਾਂ ਵਿੱਚ ਬੱਚਿਆਂ ਦੀ ਮਦਦ ਲੈ ਲਈਏ ਤਾਂ ਇੱਕ ਪੰਥ ਦੋ ਕਾਜ ਵਾਲੀ ਗੱਲ ਹੋ ਜਾਂਦੀ ਹੈ । ਇੱਕ ਤਾਂ ਬੱਚੇ ਬਚਪਨ ਤੋਂ ਹੀ ਕੰਮ-ਕਾਜ ਵਿੱਚ ਮਦਦ ਕਰਨਾ ਸਿੱਖ ਜਾਂਦੇ ਹਨ ਤੇ ਦੂਸਰਾ ਅਸੀਂ ਉਸ ਕੰਮ ਨੂੰ ਜਲਦੀ ਨਿਪਟਾ ਸਕਦੇ ਹਾਂ । ਇਸੇਤਰਾਂ, ਕੰਮ ਵਾਲੀ ਜਗ੍ਹਾ ਤੇ ਵੀ ਅਸੀਂ ਜੇਕਰ ਆਪਣੇ ਕੁਲੀਗ ਸਾਥੀਆਂ ਦੀ ਮਦਦ ਲੈ ਲਈਏ ਤਾਂ ਵੀ ਕੰਮ ਸੁਚੱਜੇ ਢੰਗ ਨਾਲ ਨਿਬੜ ਜਾਂਦਾ ਹੈ। ਇਸ ਤੋਂ ਇਲਾਵਾ ਆਪਣੇ ਲਈ ਸਮਾਂ ਕੱਢਣਾ ਸਿੱਖੋ ਫਿਰ ਚਾਹੇ ਉਹ ਸੈਰ, ਕਸਰਤ, ਸੰਤੁਲਿਤ ਭੋਜਨ ਜਾਂ ਸਿਰਫ ਇੱਕ ਕੋਫ਼ੀ ਦੇ ਕੱਪ ਦੇ ਰੂਪ ਵਿੱਚ ਹੀ ਕਿਉਂ ਨਾ ਹੋਵੇ। ਜਿੰਨਾ ਚੰਗਾ ਅਸੀਂ ਕੰਮ ਅਤੇ ਘਰ ਵਿੱਚ ਤਾਲਮੇਲ ਬਣਾ ਕੇ ਚੱਲਦੇ ਰਹਾਂਗੇ, ਉਨਾ ਹੀ ਬਿਹਤਰ ਪ੍ਰਦਰਸ਼ਨ ਅਸੀਂ ਇਨਾਂ ਦੋਹਾਂ ਥਾਵਾਂ ਤੇ ਕਰ ਸਕਦੇ ਹਾਂ। ਇਹ ਕੁਝ ਕੁ ਗੱਲਾਂ ਔਰਤਾਂ ਨੂੰ ਕੰਮ ਅਤੇ ਨਿੱਜੀ ਜੀਵਨ ਵਿੱਚ ਸੰਤੁਲਨ ਬਣਾਉਣ ਲਈ ਸਹਾਇਤਾ ਕਰ ਸਕਦੀਆਂ ਹਨ।

## ਏਕੋ ਹੈ

ਵਰਲਡ ਪੰਜਾਬੀ ਟਾਈਮਜ਼
ਪ੍ਰੋ. ਨਵ ਸੰਗੀਤ ਸਿੰਘ

ਇੱਕੋ ਮਾਲਕ ਹੈ ਸਭਨਾਂ ਦਾ, ਉਹ ਖ਼ਲਕਤ ਦਾ ਵਾਲੀ।
ਫਿਰਨ ਬੂਬਨੇ ਥਾਂ ਥਾਂ ਉੱਤੇ, ਸਭ ਅਕਲਾਂ ਤੋਂ ਖਾਲੀ।

ਉਸ ਖ਼ੁਦਾ ਨੇ ਜੀਵਨ ਦਿੱਤਾ, ਕਦੇ ਨਾ ਮਨੋਂ ਭੁਲਾਉਣਾ।
ਓਹੀ ਲਿਖਦਾ ਹੈ ਕਰਮਾਂ ਵਿੱਚ, ਕਿੱਥੇ ਜਾਣਾ-ਆਉਣਾ।

ਗੁਰਬਾਣੀ ਵਿੱਚ ਉਸ ਪ੍ਰਭੂ ਦੇ, ਕਿੰਨੇ ਨਾਮ ਨੇ ਆਏ।
ਝੋਲੀ ਭਰਦਾ ਸਭਨਾਂ ਦੀ ਜੋ, ਸੱਚੇ ਮਨੋਂ ਧਿਆਏ।

ਰਾਮ, ਖ਼ੁਦਾ, ਅੱਲਾ ਦੇ ਵਾਂਗਰ, ਕੋਈ ਕਹੇ ਗੋਸਾਈਂ।
ਪੂਰਾ ਜੇ ਵਿਸ਼ਵਾਸ ਕਰੋ, ਉਹ ਮਿਲਦਾ ਚਾਈਂ-ਚਾਈਂ।

ਮਾਨਵ-ਜੀਵਨ ਮਿਲਦਾ ਹੈ, ਬਸ ਕੇਵਲ ਇੱਕੋ ਵਾਰੀ।
ਭਗਤਾਂ ਦੀ ਪ੍ਰਤਿਪਾਲ ਕਰੇਂਦਾ, ਆਪੇ ਕ੍ਰਿਸ਼ਨ ਮੁਰਾਰੀ।

ਦੁਨੀਆਂ ਵਿੱਚ ਜੇ ਆਏ ਹਾਂ, ਤਾਂ ਮਿਲਜੁਲ ਸਾਰੇ ਰਹੀਏ।
ਛੱਡੀਏ ਵੈਰ-ਵਿਰੋਧ ਤੇ ਝਗੜੇ, ਕਿਛ ਸੁਣੀਏ ਕਿਛ ਕਹੀਏ।

## || ਸੱਚ ਦਾ ਦਰਪਣ ||

ਦੁੱਖਾਂ ਦੀ ਦੁਕਾਨ ਦਾ ਇੱਥੇ ਗਾਹਕ ਕੋਈ ਨਾ,
ਪਰ ਸੁੱਖਾਂ ਦੀ ਦੁਕਾਨ ਦੇ ਗਾਹਕ ਨੇ ਬਥੇਰੇ।

ਔਖੀ ਘੜੀ ਵੇਲੇ ਬਾਂਹ ਇੱਥੇ ਫੜੇ ਕੋਈ ਨਾ,
ਪਰ ਸੌਖੀ ਘੜੀ ਵੇਲੇ ਸਕੇਦਾਰ ਨੇ ਬਥੇਰੇ।

ਰੋਂਦੇ ਹੋਏ ਨੂੰ ਇੱਥੇ ਚੁੱਪ ਕਰਾਵੇ ਕੋਈ ਨਾ,
ਪਰ ਹੱਸਦੇ ਨੂੰ ਰੁਆਉਂਣ ਵਾਲੇ ਨੇ ਬਥੇਰੇ।

ਰੂਹ ਦਾ ਹਾਣੀ ਇੱਥੇ ਬਣਦਾ ਕੋਈ ਨਾ,
ਪਰ ਜਿਸਮਾਂ ਨੂੰ ਚਾਹੁਣ ਵਾਲੇ ਨੇ ਬਥੇਰੇ।

ਜਿਉਂਦੇ ਬੰਦੇ ਦੀ ਇੱਥੇ ਬਾਤ ਪੁੱਛੇ ਕੋਈ ਨਾ,
ਪਰ ਕੱਫਨ ਚੱਕ ਮੂੰਹ ਦੇਖਣ ਵਾਲੇ ਨੇ ਬਥੇਰੇ।

ਇਸ਼ਕ ਹਕੀਕੀ ਦੇ ਰਾਹ ਇੱਥੇ ਤੁਰੇ ਕੋਈ ਨਾ,
ਪਰ ਇਸ਼ਕ ਮਜ਼ਾਜ਼ੀ ਦੇ ਰਾਹ ਤੁਰਨ ਬਥੇਰੇ।


ਸੂਦ ਵਿਰਕ ਸੱਚ ਦੇ ਨਾਲ ਇੱਥੇ ਖੜ੍ਹੇ ਕੋਈ ਨਾ,
ਪਰ ਝੂਠ ਦੇ ਨਾਲ ਖੜ੍ਹਨ ਵਾਲੇ ਨੇ ਬਥੇਰੇ।




ਵਰਲਡ ਪੰਜਾਬੀ ਟਾਈਮਜ਼
ਮਹਿੰਦਰ ਸੂਦ ਵਿਰਕ

## ਦਸਵੰਧ *

ਵਰਲਡ ਪੰਜਾਬੀ ਟਾਈਮਜ਼
ਸੁਰਜੀਤ ਸਾਰੰਗ




ਜੋਂ ਸਿੱਖ ਕੀਰਤ ਕਰਦਾ ਹੈ। ਉਸ ਨੇ ਲੋੜਵੰਦਾਂ ਦੇ ਭਲੇ ਲਈ ਅਤੇ ਧਰਮ ਦੇ ਕਲਾਸਾਂ ਵਾਸਤੇ ਆਪਣੀ ਕਮਾਈ ਦਾ ਦਸਵਾਂ ਹਿੱਸਾ ਜ਼ਰੂਰ ਕੱਢਣਾ ਹੈ।
ਸਿੱਖ ਨੇ ਕਦੇ ਵੀ ਕਮਾਈ ਦਾ ਦਸਵਾਂ ਹਿੱਸਾ ਆਪਣਾ ਨਹੀਂ ਸਮਝਿਆ ਹੈ। ਉਸ ਨੂੰ ਗੁਰੂ ਗੁਰੂ ਸਾਹਿਬ ਜੀ ਦਾ ਸਮਝਣਾ ਹੈ। ਦਸਵੰਧ ਕੱਢਣ ਵੇਲੇ ਕਦੇ ਵੀ ਸਿੱਖ ਦੇ ਮਨ ਵਿਚ ਖਿਆਲ ਨਾ ਆਵੇ ਕਿ ਇਹ ਮੈਂ ਦਿੱਤਾ ਹੈ।
ਕਿਉਂਕਿ ਉਹ ਮਾਇਆ ਗੁਰੂ ਦੀ ਹੈ। ਸਿੱਖ ਅੰਨ, ਕੱਪੜਾ ਜਾਂ ਹੋਰ ਚੀਜ਼ਾਂ ਨਾਲ ਵੀ ਹਿੱਸਾ ਪਾ ਸਕਦਾ ਹੈ।
ਜੋਂ ਸੁਣੀ ਚੁੱਕੇ ਉਸ ਤੇ ਇਤਬਾਰ ਨਹੀਂ ਕਰਨਾ। ਸੱਚਾ ਸਿੱਖ ਕਦੇ ਵੀ ਸੁਣੀ ਨਹੀਂ ਚੁਕਦਾ। ਉਹ ਆਪਣੇ ਬਚਨਾਂ ਨੂੰ ਪੂਰਾ ਕਰਦਾ ਹੈ। ਜੋਂ ਵਿਅਕਤੀ ਹਰ ਗੱਲ ਤੇ ਕਸਮ ਖਾਂਦੇ ਉਸ ਤੋਂ ਦੂਰ ਹੀ ਰਹਿਣਾ ਚਾਹੀਦਾ ਹੈ। ਉਸ ਤੇ ਜਿਆਦਾ ਵਿਸ਼ਵਾਸ ਨਹੀਂ ਕਰਨਾ ਚਾਹੀਦਾ ਹੈ।
ਸੱਚਾ ਤੇ ਖਰਾ ਸਿੱਖ ਕਦੇ ਵੀ ਕਿਸੇ ਦੀ ਝੂਠੀ ਗਵਾਹੀ ਵੀ ਨਹੀਂ ਭਰਦਾ। ਹਮੇਸ਼ਾ ਸੱਚ ਤੇ ਪਹਿਰਾ ਦੇਂਦਾ ਹੈ।
ਉਸ ਉਂਪਰ ਅਕਾਲ ਪੁਰਖ ਮਿਹਰਵਾਨ ਰਹਿੰਦਾ ਹੈ।
ਇਸੇ ਤਰ੍ਹਾਂ ਸਭ ਨੂੰ ਆਪਣਾ ਦਸਵੰਧ ਵੀ ਗੁਰੂ ਦੇ ਲੇਖੇ ਲਾਉਣਾ ਚਾਹੀਦਾ ਹੈ। ਖਾਲਸੇ ਨੇ ਧਰਮ ਦੇ ਨਾਲ ਬਾਕੀ ਚੀਜ਼ਾਂ ਵਿੱਚ ਵੀ ਪੂਰੇ ਬਣਕੇ ਰਹਿਣਾ ਹੈ। ਦੁਨੀਆਂ ਦੇ ਗਿਆਨ ਵਾਸਤੇ ਰਾਜਨੀਤੀ ਵੀ ਸਿੱਖ ਨੂੰ ਪੜ੍ਹਣੀ ਜ਼ਰੂਰੀ ਹੈ। ਦੇ ਸਿੱਖ ਧਰਮ ਵਿਚ ਪੜ੍ਹਾਈ ਪੂਰੀ ਹੈ ਫਿਰ ਉਹ ਰਾਜਨੀਤੀ ਵੀ ਪੜ੍ਹੇ ਤੇ ਸਭ ਚੀਜ਼ਾਂ ਵਿੱਚ ਹਿੱਸਾ ਲਵੇ ਤੇ ਦਸਵੰਧ ਦਾ ਵੀ ਪਤਾ ਲੱਗੇ ਗਾ। ਧਰਮ ਨਾਲ ਰਾਜਨੀਤੀ ਬਹੁਤ ਜ਼ਰੂਰੀ ਹੈ। ਨਹੀਂ ਤਾਂ ਹੈ ਤਾਂ ਸ਼ੇਰ ਫਿਰ ਬੱਕਰੀ ਵਾਂਗ ਕੰਨ ਪਕੜ੍ਹਣ ਤੇ ਤਿਆਰ ਬੈਠੇ ਹਨ।
ਸਿੱਖ ਹਮੇਸ਼ਾਂ ਦਸਵੰਧ ਗਰੀਬ ਲੋਕਾਂ ਏ ਪ ਪੜ੍ਹਣ ਵਾਲੇ ਬੱਚਿਆਂ ਤੇ ਕਰ ਕਰ ਸਕਦਾ ਹੈ।

## ਤੀਆਂ ਤੀਜ ਦੀਆਂ...ਵਰੇ ਮਗਰੋਂ ਹੈ ਆਈਆਂ



*ਤੀਆਂ ਦਾ ਪ੍ਰਸਿੱਧ ਤਿਉਹਾਰ ਹਰ ਸਾਲ ਸਾਉਣ ਮਹੀਨੇ ਦੀ ਚਾਨਣੀ ਤੀਜ ਤੋਂ ਸ਼ੁਰੂ ਹੋ ਕੇ ਪੰਦਰਾਂ ਦਿਨ ਤੱਕ ਬੜੇ ਹੀ ਉਤਸ਼ਾਹ ਨਾਲ ਮਨਾਇਆ ਜਾਂਦਾ ਹੈ । ਇਸ ਤਿਓਰ ਨੂੰ ਜੇ ਕੁੜੀਆਂ ਚਿੜੀਆਂ ਦਾ ਤਿਓਹਾਰ ਕਹਿ ਲਿਆ ਜਾਵੇ ਤਾਂ ਕੋਈ ਅਤਕਥਨੀ ਨਹੀਂ ਹੋਵੇਗੀ। ਇਸ ਤਿਓਹਾਰ ਨੂੰ ਹਰ ਪਿੰਡ ਹਰ ਸ਼ਹਿਰ ‘ਤੇ ਹਰ ਕਸੇ ਵਿਚ ਸਾਰੀਆਂ ਕੁੜੀਆਂ ਰਲ ਕੇ ਮਨਾਉਂਦੀਆਂ ਹਨ। ਤੀਆਂ ਮੁਟਿਆਰਾਂ ਦੀ ਜਜ਼ਬਾਤਾਂ ਦੇ ਉਛਲੇਵੇਂ ਦਾ ਪ੍ਰਤੀਕ ਮੰਨੀਆਂ ਜਾਂਦਾ ਹੈ । ਉਹ ਆਪਣੇ ਦੁਖ ਦਰਦ ਬੋਲੀਆਂ ਰਾਹੀ ਦੂਸਰੀਆਂ ਮੁਟਿਆਰਾਂ ਨਾਲ ਸਾਂਝੇ ਕਰਦੀਆਂ ਹਨ। ਸਾਉਣ ਮਹੀਨੇ ਨੂੰ ਕੁੜੀਆਂ ਦੇ ਮੇਲ ਮਿਲਾਪ ਦਾ ਮਹੀਨਾਂ ਵੀ ਕਿਹਾ ਜਾਂਦਾ ਹੈ। ਵੱਖੋ ਵੱਖ ਸਹੁਰੇ ਘਰ ਰਹਿੰਦੀਆਂ ਸੱਜ-ਵਿਆਹੀਆਂ ਮੁਟਿਆਰਾਂ ਸਾਉਣ ਮਹੀਨੇ ਆਪਣੇ ਪੇਕੇ ਘਰ ਜਾਂਦੀਆਂ ਹਨ, ਤੀਆਂ ਦੇ ਤਿਉਹਾਰ ਤੇ ਵੀਰ ਆਪਣੀ ਸੱਜ ਵਿਆਹੀ ਭੈਣ ਲਈ ਸੰਧਾਰਾ ਲੈ ਕੇ ਉਸ ਦੇ ਸਹੁਰੇ ਘਰ ਜਾਂਦਾ ਹੈ।
ਸੰਧਾਰੇ ਵਿਚ ਡਿਉਰ, ਰੇਸ਼ਮੀ ਸੂਟ, ਵ ਗਾਂ, ਮਹਿੰ ਦੀ, ਸੰਧੂਰ ਤੇ ਹੋਰ ਸਮੱਗਰੀ ਭੇਜੀ ਜਾਂਦੀ ਹੈ। ਜੇਕਰ ਮੁਟਿਆਰ ਦਾ ਵੀਰ ਸੰਧਾਰਾ ਲੈ ਕੇ ਨਾ ਆਵੇ ਤਾਂ ਉਸ ਦੀ ਸੱਸ ਤਾਹਨਾਂ ਮਾਰਦੀ“ਤੈਨੂੰ ਤੀਆਂ ਨੂੰ ਲੈਣ ਨਾ ਆਏ, ਨੀ ਵੱਡੀਏ ਭਰਾਵਾਂ ਵਾਲੀਏ ।”
ਇਸ ਗੱਲ ਦਾ ਨਵੀਂ ਵਿਆਹੀ ਮੁਟਿਆਰ ਦੇ ਮਨ ਵਿਚ ਕਾਫੀ ਗੁੱਸਾ ਆਉਂਦਾ ਹੈ ਉਹ ਗੁੱਸੇ ਵਿਚ ਕੋਠੇ ਤੇ ਚੜ੍ਹ ਕੇ ਆਪਣੇ ਵੀਰ ਹਸਰਤ ਦੀ ਭਰੀਆਂ ਨਜ਼ਰਾਂ ਨਾਲ ਤੱਕਦੀ ਹੈ। ਦੂਰੋਂ ਆਉਂਦੇ ਵੀਰ ਉਸ ਨੂੰ ਨਜ਼ਰ ਆਉਂਦਾ ਹੈ ਤਾਂ ਉਹ ਖੁਸ਼ੀ ਮਹਿਸੂਸ ਹੋਈ ਦੂਸਰੀਆਂ ਸਹੇਲੀਆਂ ਨੂੰ ਦੱਸਦੀ ਹੈ।

ਵਰਲਡ ਪੰਜਾਬੀ ਟਾਈਮਜ਼
ਬਲਵਿੰਦਰ ਸਿੰਘ ਔਲਖ

ਹੱਥ ਛੱਤਰੀ ਰੁਮਾਲ ਪੱਲੇ ਸੇਵੀਆਂ, ਨੀ ਆਉਂਦਾ ਮੇਰਾ ਵੀਰ ਕੁੜਿਉ ।
..ਸਾਉਣ ਮਹੀਨਾਂ ਕਿਣ-ਮਿਣ ਕਣੀਆਂ
ਗਲੀਆਂ ਦੇ ਵਿਚ ਗਾਰਾ
ਲੈ ਕੇ ਆਇਆ ਨੀ ਵੀਰ ਮੇਰਾ ਸੰਧਾਰਾ।
ਤੀਆਂ ਦੇ ਤਿਉਹਾਰ ਨੂੰ ਮੌਸਮੀ ਤਿਉਹਾਰ ਵੀ ਕਿਹਾ ਜਾਂਦਾ ਹੈ। ਹਾੜ ਦੇ ਮਹੀਨੇ ਮੀਂਹ ਨਾ ਪੈਣ ਕਾਰ ਸਾਰੀਆਂ ਫਸਲਾਂ ਦੇ ਪੱਤੇ ਮੁਰਝਾਏ ਹੋਏ ਦਿਖਾਈ ਦਿੰਦੇ ਹਨ। ਸਾਰੀ ਕਾਈਨਾਤ ਤ੍ਰਾਹ ਉਠਦੀ ਹੈ। ਇਸ ਲਈ ਤਾਂ ਕਿਸੇ ਮੁਟਿਆਰ ਨੇ ਆਖਿਆ ਹੈ।
ਹਾੜ ਮਹੀਨਾਂ ਉਤੇ ਧੁੱਪ ਧੁੱਪ ਲਾਈ ਏ
ਤੂੰ ਵੇ ਤਾਣ ਛੱਤਰੀ ਜਿਹੜੀ ਲੰਡਨੋਂ ਮੰਗਾਈ ਏ।
ਪਰ ਸਾਉਣ ਮਹੀਨੇ ਮੋਘਲਾ ਵਰਸਣ ਨਾਲ ਸਾਰੀਆਂ ਫਸਲਾਂ ਹਰੀਆਂ ਭਰੀਆਂ ਦਿਖਾਈ ਦਿੰਦੀਆਂ ਹਨ । ਇਸ ਮਹੀਨੇ ਕਿਸਾਨਾਂ ਦੀਆਂ ਫਸਲਾਂ ਉਪਰ ਨਿਖਾਰ ਆਉਣ ਦੇ ਨਾਲ ਨਾਲ ਕੁਝ ਫੁੱਲ ਵੀ ਉਤਰ ਆਉਂਦੇ ਹਨ। ਜਿਸ ਨਾਲ ਕਿਸਾਨ ਵੀ ਖੁਸ਼ੀ ਵਿਚ ਝੂਮ ਉਠਦਾ ਹੈ। ਸਾਉਣ ਮਹੀਨੇ ਦੀ ਕਿਣ-ਮਿਣ ਵਿਚ ਮੌਰ ਵੀ ਖੁਸ਼ੀ ਵਿਚ ਪੈਲਾ ਪਾਉਂਦੇ ਹਨ । ਸਾਰੀ ਕਾਇਨਾਤ ਉਪਰ ਹਰਿਆਵਲ ਹੀ ਹਰਿਆਵਲ ਨਜ਼ਰ ਆਉਂਦੀ ਹੈ। ਇਸ ਮਹੀਨੇ ਨਾਲ ਤੀਆਂ ਦਾ ਬਹੁਤ ਗੂੜਾ ਸਬੰਧ ਹੈ। ਤੀਆਂ ਤੋਂ ਕੁਝ ਦਿਨ ਪਹਿਲਾਂ ਮੁਟਿਆਰਾਂ ਆਪਣੇ ਹੱਥਾਂ ਤੇ ਮਹਿੰਦੀ ਲਗਾਉਂਦੀਆਂ ਹਨ। ਇਸ ਨੂੰ ਸ਼ਗਨ ਸਮਝਿਆ ਜਾਂਦਾ ਹੈ। ਕੁਝ ਮੁਟਿਆਰਾਂ ਸਲਾਈ (ਸੀਖ) ਨਾਲ ਆਪਣੇ ਹੱਥਾਂ ਤੇ ਫੁੱਲ ਬੂਟੇ ਵੱਖ ਵੱਖ ਡਿਜ਼ਾਈਨਾਂ ਨਾਲ ਲਗਾਉਦੀਆਂ ਹਨ। ਜਿਸ ਮੁਟਿਆਰ ਦੇ ਹੱਥ ਤੇ ਜ਼ਿਆਦਾ ਮਹਿੰਦੀ ਚੜ੍ਹ ਜਾਵੇ ਉਸ ਨੂੰ ਦੂਸਰੀਆਂ ਮੁਟਿਆਰਾਂ ਹੱਸਦੀਆਂ ਕਹਿਣ ਲੱਗ ਜਾਂਦੀਆਂ ਹਨ ” ਤੂੰ ਤਾਂ ਸੱਸ ਨੂੰ ਬਹੁਤ ਪਿਆਰੀ ਏ” ਇਸ ਲਈ ਇਥੇ ਮਹਿੰਦੀ ਦੀ ਤਰੀਫ ਕੀਤੀ ਹੈ।
ਮਹਿੰਦੀ, ਮਹਿੰਦੀ, ਮਹਿੰਦੀ।
ਵਿਚ ਬਾਗਾਂ ਦੇ ਰਹਿੰਦੀ
ਬਾਗਾਂ ਵਿਚ ਸਸਤੀ ਮਿਲਦੀ
ਹੱਟਿਉਂ ਮਿਲਦੀ ਮਹਿੰਗੀ ।
ਰਗੜ ਰਗੜ ਕੇ ਲਾਈ ਹੱਥਾਂ ਤੇ,
ਵੋਲਕ ਹੋ ਹੋ ਲਹਿੰਦੀ।
ਮਹਿੰਦੀ ਸ਼ਗਨਾਂ ਦੀ,
ਧੋਤਿਆਂ ਕਦੇ ਨਾ ਲਹਿੰਦੀ।

ਕੁਝ ਲੋਕਾਂ ਦਾ ਵਿਚਾਰ ਹੈ ਕਿ ਸਾਉਣ ਮਹੀਨੇ ਸੱਜ ਵਿਆਹੀ ਮੁਟਿਆਰ ਨੂੰ ਸੱਸ ਦੇ ਕੋਲ ਨਹੀਂ ਰਹਿਣਾ ਚਾਹੀਦਾ। ਇਸ ਨੂੰ ਮਾੜਾ ਸਮਝਿਆ ਜਾਂਦਾ ਹੈ । ਪਰ ਸਿਆਣਿਆਂ ਦਾ ਕਥਨ ਹੈ ਕਿ ਸਾਉਣ ਮਹੀਨਾਂ ਸਿਹਤ ਦੇ ਵਿਕਾਸ ਲਈ ਕਾਫੀ ਅੱਛਾ ਹੈ। ਇਸ ਨੂੰ ਮਾੜਾ ਨਹੀਂ ਸਮਝਣਾ ਚਾਹੀਦਾ । ਕੁੜੀਆਂ ਦੇ ਜਜ਼ਬਾਤਾਂ ਦੇ ਭਾਵਾਂ ਦਾ ਨਾਂ ਹੀ ਤੀਆਂ ਹੈ। ਤੀਆਂ ਸ਼ੁਰੂ ਹੋਣ ਵਾਲੇ ਦਿਨ ਸਾਰੀਆਂ ਕੁੜੀਆਂ ਆਪਣੇ ਕੰਮਾਂ ਕਾਰਾਂ ਤੋਂ ਵਿਹਲੀਆਂ ਹੋ ਕੇ ਕਤਾਰਾਂ ਵਿਚ ਖੁੱਲੇ ਮੈਦਾਨ ਵਿਚ ਜਾਂਦੀਆਂ ਹਨ ਉਥੇ ਬੋਹੜ ਜਾਂ ਪਿੱਪਲ ਦਾ ਹੋਣਾਂ ਜਰੂਰੀ ਹੈ। ਕਿਉਂ ਕਿ ਉਥੇ ਸੱਜ ਵਿਆਹੀਆਂ ਮੁਟਿਆਰਾਂ ਪੀਘਾਂ ਝੂਟਦੀਆਂ ਹਨ ਪੀਘਾਂ ਝੂਟਣ ਨਾਲ ਪੱਤੇ ਅਜੀਬ ਕਿਸਮ ਦੀ ਧੁਨੀ ਕਰਦੇ ਹਨ ਇਸ ਰੋਮਾਂਟਿਕ ਧੁਨੀ ਨਾਲ ਮੁਟਿਆਰਾਂ ਆਪਣੇ ਭਾਵ ਸਾਂਝੇ ਕਰਦੀਆਂ ਹਨ। ਤੀਆਂ ਵਾਲੀ ਜਗ੍ਹਾ ਨੂੰ ਕੁੜੀਆਂ ਸਟੇਜ ਦੇ ਤੌਰ ਤੇ ਵਰਤਦੀਆਂ ਹਨ ਸਾਰੀਆਂ ਮੁਟਿਆਰਾਂ ਇਕ ਗੱਲ ਦਾਇਰੇ ਦੇ ਅੰਦਰ ਆਉਂਦੀਆਂ ਹਨ ਤੇ ਗਿੱਧੇ ਦੀ ਸ਼ੁਰੂਆਤ ਇਕ ਮੁਟਿਆਰ ਕਰਦੀ ਹੈ।
ਬਾਰੀ ਮਹੀਨੀ ਸਾਵਣ ਆਇਆ,
ਸਾਵਣ ਬੜਾ ਸਹਾਵੇ
ਚੜ੍ਹ ਕੋਠੇ ਮੈਂ ਵੇਖਣ ਲੱਗੀ,
ਬਦਲ ਚੜ੍ਹਿਆ ਆਵੇ।
ਹਵਾਵਾਂ ਪੂਰੇ ਦੀਆਂ,
ਮੇਰੀ ਚੁੰਨੀ ਉਡ ਉਡ ਜਾਵੇ।
ਹਵਾਵਾਂ ਪੂਰੇ ਦੀਆਂ.

ਇਸ ਬੋਲੀ ਤੇ ਮੁਟਿਆਰਾਂ ਖੂਬ ਨੱਚਦੀਆਂ ਹਨ ਗਿੱਧਾ ਪਾ ਕੇ ਆਪਣੀ ਜਵਾਨੀ – ਦੇ ਖੂਬ ਜੌਹਰ ਦਿਖਾਉਂਦੀਆਂ ਹਨ ਅਤੇ ਇਸ ਪਿਛੋਂ ਮੁਟਿਆਰਾਂ ਬੋਲੀ ਦਾ ਰੁਖ ਬਦਲ ਲੈਂਦੀਆਂ ਹਨ।

ਸਾਉਣ ਮਹੀਨਾਂ ਦਿਨ ਗਿੱਧੇ ਦਾ ਸੱਭੇ ਸਹੇਲੀਆਂ ਆਈਆਂ
ਭਿੱਜ ਗਈ ਰੂਹ ਮਿੱਤਰਾ, ਸ਼ਾਮ ਘਟਾ ਚੜ ਆਈਆਂ।

ਇਸ ਤਰਾਂ ਬੋਲੀਆਂ ਦਾ ਦੌਰ ਚਲਦਾ ਰਹਿੰਦਾ ਹੈ। ਹਰ ਮੁਟਿਆਰ ਆਪਣਾਂ ਆਪਣਾਂ ਬਦਨ ਗਿੱਧੇ ਤੋਂ ਨਿਸ਼ਾਵਰ ਕਰਦੀ ਹੋਈ ਜਦੋਂ ਪੂਰੀ ਤਰ੍ਹਾਂ ਥੱਕ ਟੁੱਟ ਜਾਂਦੀ ਹੈ ਤਾਂ ਉਸ ਦੀ ਜਗ੍ਹਾ ਨਵੀਂ ਜੋੜੀ ਗਿੱਧੇ ਦੇ ਦਾਇਰੇ ਅੰਦਰ ਦਾਖਲ ਹੋ ਜਾਂਦੀ ਹੈ। ਤੀਆਂ ਵਿਚ ਤਾਂ ਮੁਟਿਆਰਾਂ ਨੂੰ ਨਾ ਸਹੁਰੇ ਤੋਂ ਘੁੱਟ ਕੱਢਣ ਦੀ ਚਿੰਤਾ ਹੁੰਦੀ ਹੈ ਅਤੇ ਨਾ ਹੀ ਸੱਸਾ ਦਾ ਡਰ। ਉਹ ਬਿਲਕੁਲ ਨਿਸੰਗ ਹੋ ਕੇ ਖੂਬ ਨੱਚਦੀ ਹੈ। ਜਿਹਨਾਂ ਮੁਟਿਆਰਾਂ ਦੇ ਕੰਤ ਉਹਨਾਂ ਦੇ ਪਸੰਦ ਨਹੀਂ ਹੁੰਦੇ ਉਹ ਤੀਆਂ ਵਿਚ ਆਪਣੇ ਮਾਪਿਆਂ ਤੇ ਇੰਝ ਗਿਲਾ ਕਰਦੀਆਂ ਹਨ।

ਘਰ ਨੀ ਦੇਖਦੀਆਂ ਵਰ ਨੀ ਦੇਖਦੀਆਂ ਬੇਦਰਦੀ ਏਹ ਮਾਵਾਂ ਨੀ ਬੁੱਢੇ ਜਿਹੇ ਨਾਲ ਵਿਆਹ ਕਰ ਦੇਂਦੀਆਂ, ਦੇ ਕੇ ਚਾਰ ਕੁ ਲਾਵਾਂ ਬਹਿ ਕੇ ਪਟੜੇ ਤੇ ਵੈਣ ਬੁੜ੍ਹੇ ਦੇ ਪਾਵਾ ਜਾਂ ਫਿਰ
ਬਾਬਲ ਮੇਰੇ ਨੇ ਕੰਤ ਸਹੇੜਿਆ ਰੰਗ ਤਵੇ ਤੋਂ ਕਾਲਾ
ਨੀ ਕੁੜੀਆਂ ਮੈਨੂੰ ਮਾਰਨ ਮੇਹਣੇ, ਉਹ ਤੇਰੇ ਘਰਵਾਲਾ ।
ਪ੍ਰੰਤੂ ਇਸ ਦੇ ਬਦਲੇ ਵਿਚ ਦੂਜੀ ਮੁਟਿਆਰ ਬੋਲੀ ਪਾਉਂਦੀ ਹੈ।
ਕੱਚਾ ਧਾਗਾ ਸੁੱਟ ਦਿਉ ਖੂਹ ਵਿਚ ਮਾਹਲ ਬਣ ਬਣ ਆਵੇ।
ਤੀਵੀਂ ਮਾਲਕ ਦਾ, ਰੱਬ ਨਾ ਵਿਛੋੜਾ ਪਾਵੇ ।
ਇਸ ਨਾਲ ਗਿੱਧਾ ਪੂਰਾ ਮਘ ਜਾਂਦਾ ਹੈ, ਗਿੱਧੇ ਦੇ ਪਿੜ ਵਿਚ ਸ਼ਰਾਬੀਆਂ ਦੀ ਤਰ੍ਹਾਂ ਕਿਲਕਾਰੀਆਂ ਵੱਜਦੀਆਂ ਹਨ। ਗਿੱਧੇ ਦੇ ਮੈਦਾਨ ਵਿਚ ਕਿਸੇ ਵੀ ਮੁਟਿਆਰ ਨੂੰ ਆਪਣੀ ਨਣਦ ਦਾ ਡਰ ਨਹੀਂ ਹੁੰਦਾ । ਉਹ ਆਪਣੀ ਨਣਦ ਦੀ ਅਧੀਨੀ ਤੇ ਕਰੜੇ ਵਿਅੰਗ ਕਰਦੀਹੋਈ ਕਹਿੰਦੀ ਹੈ।
ਨਣਦ ਬਛੇਰੀ ਨੂੰ, ਕੋਈ ਹਾਣ ਦਾ ਮੁੰਡਾ ਨਾ ਬਿਆਵੇ ।
ਜਿਥੇ ਨਵੀਂ-ਵਿਆਹੀ ਮੁਟਿਆਰ ਆਪਣੀ ਨਣਦ ਤੇ ਗਿਲਾ ਕਰਦੀ ਨੂੰ ਉਥੇ ਆਪਣੀ ਸੱਸ ਤੇ ਵਿਅੰਗ ਕੱਸਦੀ ਹੋਈ ਦੂਸਰੀਆਂ ਸਹੇਲੀਆਂ ਨੂੰ ਉਪਦੇਸ਼ ਦਿੰਦੀ ਆਖਦੀ ਹੈ।
ਚਿੱਟੀ ਚਿੱਟੀ ਰੂੰ ਕਦੇ ਪਿੰਜਣੀ ਪਊਗੀ।
ਸੱਸ ਨਾ ਸਲਾਹੀਏ, ਕਦੇ ਨਿੰਦਣੀ ਪਊਗੀ।
ਇਸ ਤਰ੍ਹਾਂ ਗਿੱਧਾ ਪੂਰੇ ਜੋਬਨ ਤੇ ਚਲਦਾ ਰਹਿੰਦਾ ਹੈ। ਹਰ ਮੁਟਿਆਰ ਆਪਣੇ ਬਦਨ ਨੂੰ ਤੋੜ ਤੋੜ ਸੁੱਟਦੀ ਹੈ। ਬੋਲੀਆਂ ਦਾ ਦੌਰ ਚਲਦਾ ਰਹਿੰਦਾ ਹੈ। ਕੁਝ ਬੋਲੀਆਂ ਪੇਸ਼ ਨੇ।
ਮਾਪਿਆਂ ਨੇ ਮੈਂ ਰੱਖੀ ਲਾਡਲੀ, ਸਹੁਰੇ ਲਾਈ ਕੰਮ ਵੇ ।
ਮੇਰਾ ਉਡਿਆ ਜ਼ਾਲਮਾਂ, ਸੋਨੇ ਵਰਗਾ ਰੰਗ ਵੇ ।

ਜਿਸ ਮੁਟਿਆਰ ਦਾ ਪਤੀ ਫੌਜ ਜਾਂ ਵਿਦੇਸ਼ ਗਿਆ ਹੁੰਦਾ ਹੈ। ਉਹ ਮੁਟਿਆਰ ਆਪਣੇ ਪਤੀ ਨੂੰ ਇਸ ਤਰ੍ਹਾਂ ਤਾਹਨਾਂ ਮਾਰਦੀ ਕਹਿੰਦੀ ਹੈ।
ਕੱਢ ਕਲੇਜਾ ਕਰ ਲਾਂ ਪੈੜੇ ਹੁਸਣ ਪਲੇਥਣ ਲਾਵਾਂ
ਮੁੜ ਪਉ ਵੇ ਮਾਹੀਆ, ਮੈਂ ਰੋਜ ਔਸੀਆਂ ਪਾਵਾਂ ।

ਸੁਣ ਨੀ ਚਾਚੀਏ, ਸੁਣ ਨੀ ਤਾਈਏ, ਸੁਣ ਵੱਡੀਏ ਭਰਜਾਈਏ। ਧਰਤੀ ਪੁੱਟ ਸੁੱਟੀਏ, ਜਦੋਂ ਗਿੱਧੇ ਵਿਚ ਜਾਈਏ, ਧਰਤੀ

ਜਿਉਂ ਜਿਉਂ ਗਿੱਧਾ ਮਘਦਾ ਹੈ ਨਵੀਆਂ ਵਿਆਹੀਆਂ ਮੁਟਿਆਰਾਂ ਪੰਡਾਲ ਵਿਚ ਨੱਚਦੀਆਂ ਨੱਚਦੀਆਂ ਪਾਗਲ ਹੋ ਜਾਂਦੀਆਂ ਹਨ ਤੀਆਂ ਦੇ ਦਿਨ ਪੰਜਾਬਣਾਂ ਦੀ ਰੂਹ ਦੀ ਖੁਰਾਕ ਹੋ ਨਿਬੜਦੇ ਹਨ। ਇਹ ਤੀਆਂ ਹੀ ਸ ਪੰਜਾਬੀ ਵਿਰਸੇ ਦਾ ਇਕ ਅਨਿਖੜਵਾਂ ਅੰਗ ਹੈ।